**ਅਤੀ ਜਰੂਰੀ**

**ਸਮਾਂ ਬੱਧ**

ਪੰਜਾਬ ਸਰਕਾਰ

ਮਾਲ, ਪੁਨਰਵਾਸ ਤੇ ਡਿਜਾਸਟਰ ਮੈਨੇਜਮੈਂਟ ਵਿਭਾਗ

(ਡੀ.ਐਮ-3 ਸਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸਨਰ।

ਮੀਮੋ ਨੰ:3/14/2008-2-ਡੀ.ਐਮ-3/ 7726

ਚੰਡੀਗੜ੍ਹ, ਮਿਤੀ 25-9-08

ਵਿਸਾ:- 1984 ਦੇ ਦੰਗਾਪੀੜਤਾਂ ਦੇ ਡੁਪਲੀਕੇਟ ਲਾਲ ਸਨਾਖਤੀ ਕਾਰਡ ਬਣਾਉਣ ਬਾਰੇ।

---

ਇਸ ਵਿਭਾਗ ਦੇ ਮੀਮੋ ਨੰ:1/2/2005-1-ਡੀ.ਐਮ-3/2696 ਮਿਤੀ 4.6.2007 (ਕਾਪੀ ਨੱਥੀ) ਰਾਹੀਂ ਆਪ ਨੂੰ ਇਹ ਵੀ ਬੇਨਤੀ ਕੀਤੀ ਗਈ ਸੀ ਕਿ 1984 ਦੇ ਦੰਗਾਪੀੜਤਾਂ ਦੀਆਂ ਜੋ ਅਰਜੀਆਂ ਡੁਪਲੀਕੇਟ ਲਾਲ ਸਨਾਖਤੀ ਕਾਰਡ ਬਨਵਾਉਣ ਲਈ ਪ੍ਰਾਪਤ ਹੋਈਆਂ ਹੋਣ ਜਾਂ ਹੋਰ ਪ੍ਰਾਪਤ ਹੋਣ, ਉਨ੍ਹਾਂ ਦਾ ਨਿਪਟਾਰਾ ਵੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤੁਰੰਤ ਕੀਤਾ ਜਾਵੇ।

2. ਇਸ ਵਿਭਾਗ ਦੇ ਮੀਮੋ ਨੰ:2/3/91-ਆਰ.ਆਰ.1/2571 ਮਿਤੀ 20.3.1991 ਰਾਹੀਂ ਦਿਸਾ-ਨਿਰਦੇਸ ਜਾਰੀ ਕੀਤੇ ਗਏ ਸਨ ਕਿ ਸਨਾਖਤੀ ਕਾਰਡ ਗੁੰਮ ਹੋਣ ਬਾਰੇ ਕਾਰਡ ਧਾਰਕ ਤੋਂ ਐਫ.ਆਈ.ਆਰ. ਦੀ ਮੰਗ ਨਾ ਕੀਤੀ ਜਾਵੇ ਅਤੇ ਜੇ ਉਸ ਨੇ ਕੋਈ ਐਫ.ਆਈ.ਆਰ. ਨਹੀ ਲਿਖਵਾਈ ਤਾਂ ਉਸ ਤੋਂ ਇਸ ਸਬੰਧ ਵਿੱਚ ਹਲਫੀਆ ਬਿਆਨ ਲਿਆ ਜਾਵੇ। ਉਸ ਦੇ ਅਧਾਰ ਤੇ ਸਨਾਖਤੀ ਕਾਰਡ ਦੀ ਗੁੰਮਸੁਦਗੀ ਦੀ ਪੜਤਾਲ ਕੀਤੀ ਜਾਵੇ। ਜੇਕਰ ਉਸ ਦਾ ਹਲਫੀਆ ਬਿਆਨ ਗਲਤ ਸਾਬਤ ਹੋਵੇ ਤਾਂ ਉਸ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ। ਜੇ ਉਸ ਦਾ ਹਲਫੀਆ ਬਿਆਨ ਠੀਕ ਸਾਬਤ ਹੋਵੇ ਤਾਂ ਡੁਪਲੀਕੇਟ ਸਨਾਖਤੀ ਕਾਰਡ ਜਾਰੀ ਕਰਨ ਤੋਂ ਪਹਿਲਾਂ ਇਹ ਚੈਕ ਕਰ ਲਿਆ ਜਾਵੇ ਕਿ ਉਸ ਦਾ ਨਾਉਂ ਪਹਿਲਾਂ ਆਪ ਦੇ ਦਫਤਰ ਵਿੱਚ ਰਜਿਸਟਰ ਹੋਇਆ ਹੈ। ਡੁਪਲੀਕੇਟ ਲਾਲ ਕਾਰਡ ਜਾਰੀ ਕਰਨ ਸਮੇਂ ਉਸ ਵਿੱਚ ਉਨ੍ਹਾਂ ਸਾਰੀਆਂ ਸਹੂਲਤਾਂ ਦਾ ਇੰਦਰਾਜ ਕੀਤਾ ਜਾਵੇ ਜੋ ਕਿ ਪ੍ਰਾਰਥੀ ਜਾਂ ਉਸ ਦੇ ਪਰਿਵਾਰ ਨੂੰ ਪਹਿਲਾਂ ਮਿਲ ਚੁਕੀਆਂ ਹਨ ਅਤੇ ਉਸ ਤੇ **ਡੁਪਲੀਕੇਟ** ਦੀ ਮੋਹਰ ਲਗਾਈ ਜਾਵੇ।

ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 1984 ਦੇ ਦੰਗਾਪੀੜਤਾਂ ਦੀਆਂ ਜੋ ਲਾਲ ਸਨਾਖਤੀ ਕਾਰਡ ਬਨਵਾਉਣ ਦੀਆਂ ਅਰਜੀਆਂ ਲੰਬਿਤ ਹੋਣ, ਉਨ੍ਹਾਂ ਦਾ ਨਿਪਟਾਰਾ ਉਪਰੋਕਤ ਦਿਸਾ ਨਿਰਦੇਸਾਂ ਅਨੁਸਾਰ **ਦੋ ਦਿਨਾਂ ਦੇ ਅੰਦਰ ਅੰਦਰ** ਕੀਤਾ ਜਾਵੇ ਅਤੇ ਇਸ ਸਬੰਧੀ ਕੀਤੀ ਗਈ ਕਾਰਵਾਈ ਦੀ ਰਿਪੋਰਟ ਇਸ ਵਿਭਾਗ ਨੂੰ ਉਸ ਤੋਂ ਅਗਲੇ ਦਿਨ ਭੇਜਣੀ ਯਕੀਨੀ ਬਣਾਈ ਜਾਵੇ।

ਅਧੀਨ ਸਕੱਤਰ ਮਾਲ (ਅ)